**<u>ਇਨਕਲਾਬੀ ਯਾਦਾਂ:</u>**

# ਭਾਈ ਪਿਆਰਾ ਸਿੰਘ ਲੰਗੇਰੀ ਦੀ ਆਤਮ-ਕਥਾ

(ਭਾਈ ਪਿਆਰਾ ਸਿੰਘ ਲੰਗੇਰੀ ਉਹਨਾਂ ਪੁਰਾਣੇ ਗ਼ਦਰੀਆਂ ਵਿਚੋਂ ਹਨ ਜਿਨ੍ਹਾਂ ਆਪਣੀ ਸਾਰੀ ਉਮਰ ਸਾਮਰਾਜ ਵਿਰੋਧੀ ਸੰਗਰਾਮਾਂ ਲਈ ਕੁਰਬਾਨੀਆਂ ਵਿੱਚ ਲਾਈ। ਸਾਨੂੰ ਆਪ ਦੀ ਜੀਵਨ-ਕਥਾ, ਉਹਨਾਂ ਦੀ ਆਪਣੀ ਸ਼ੈਲੀ ਵਿੱਚ ਦੇਣ ਲਗਿਆਂ ਪ੍ਰਸੰਨਤਾ ਹੋ ਰਹੀ ਹੈ। — ਸੰਪਾਦਕ)

ਜਨਮ 15 ਜਨਵਰੀ 1881: ਇੱਕ ਸਾਲ ਰਸਾਲੇ ਤੇ ਤਿੰਨ ਸਾਲ ਪਲਟਨ 29 ਨੰਬਰ ਵਿੱਚ ਨੌਕਰੀ ਕੀਤੀ। 1902 ਵਿੱਚ ਰਸਾਲੇ ਵਿੱਚ ਭਰਤੀ ਹੋਏ। 26 ਰੁਪੈ ਤਨਖਾਹ, ਪਲਟਨ 9 ਰੁਪੈ ਮਹੀਨਾ। ਛੁੱਟੀ ਆਇਆ। ਇੱਕ ਲੜਾਈ ਵਿੱਚ ਤਿੰਨ ਮਹੀਨੇ ਕੈਦ ਹੋ ਗਈ। ਮੈਂ ਖਿਲਾੜ੍ਹੀ ਚੰਗਾ ਸਾਂ, ਸ਼ੰਘਾਈ ਜਾਣ ਲਈ ਅੰਗ੍ਰੇਜ਼ ਅਫ਼ਸਰਾਂ ਚਿੱਠੀਆਂ ਦਿੱਤੀਆਂ। ਮੈਂ ਲੈਕੇ ਅਮਰੀਕਾ ਨੂੰ ਚਲਿਆ ਗਿਆ। ਸਾਨਫਰਾਂਸਿਸਕੋ ਚਲੇ ਗਏ। ਨਵੰਬਰ, 1906 ਵਿੱਚ ਉਥੇ ਪਹੁਚੇ। ਬਾਗਾਂ, ਰੇਲ ਰੋਡ ਤੇ ਮਿੱਲਾਂ ਵਿੱਚ ਵੀ ਕੰਮ ਕੀਤਾ। ਦੋ ਸਾਲ ਬਾਅਦ 1908 ਵਿੱਚ 'ਸੁੰਦਰੀ' 'ਤਵਾਰੀਖ ਖਾਲਸਾ' ਆਦ ਪੜ੍ਹਕੇ ਤੇ ਗੋਰਿਆਂ ਦੇ ਸਲੂਕ ਤੋਂ ਤੰਗ ਆਕੇ ਦੇਸ਼ ਵਾਸਤੇ ਸੋਚਣਾ ਸ਼ੁਰੂ ਕੀਤਾ।

ਮੈਂ ਬੜਾ ਲੜਾਕਾ ਤੇ ਸ਼ਰਾਬੀ ਹੁੰਦਾ ਸੀ। ਪਰ ਇਹ ਕਿਤਾਬਾ ਪੜ੍ਹਕੇ ਮੈਂ ਆਪਣੇ ਆਪ ਨੂੰ ਸੁਧਾਰ ਲਿਆ ਤੇ ਦੇਸ਼ ਦੀ ਵਿੱਦਿਆ ਵਾਸਤੇ ਰੁਪੈ ਇੱਕਠੇ ਕਰਕੇ ਭੇਜਨੇ ਸ਼ੁਰੂ ਕੀਤੇ। ਪੰਜਾਬ ਤੇ ਖਾਸ ਕਰ ਦੁਸਾਂਝਾਂ ਤੇ ਹੋਰਨਾਂ ਸਕੂਲਾਂ ਲਈ ਇੱਕ ਲੱਖ ਤੋਂ ਵੱਧ ਰਪਇਆ ਇਕੱਠਾ ਕੀਤਾ। 1908 ਵਿੱਚ ਭਾਈ ਬਲਵੰਤ ਸਿੰਘ, ਸੁੰਦਰ ਸਿੰਘ, ਭਾਈ ਤਜਾ ਸਿੰਘ ਤੋਂ ਇੱਕ ਹੋਰ ਸੱਜਨ ਦੀ ਚਿੱਠੀ ਆਈ ਕਿ ਤੂੰ ਵੈਨਕੂਵਰ ਆ ਜਾ। ਉਥੇ ਜਾਕੇ ਮੈਨੂੰ ਉਹਨਾਂ ਕਿਹਾ ਕਿ ਅਸਾਂ ਦੇਸ਼ ਨੂੰ ਜਾਣਾ ਹੈ ਤੂੰ ਗੁਰੂ ਨਾਨਕ ਮਾਈਨਿੰਗ ਕੰਪਨੀ ਨੂੰ ਸਾਂਭ। ਉਹਨਾਂ ਮੈਨੂੰ ਉਸ ਦਾ ਮੈਨੇਜਿੰਗ ਡਾਇਰੈਕਟਰ ਬਣਾ ਦਿੱਤਾ। ਮੈਂ ਬਥੇਰਾ ਕਿਹਾ ਕਿ ਮੈਂ ਅੰਗ੍ਰੇਜ਼ੀ ਨਹੀਂ ਜਾਣਦਾ, ਹਿੰਦੀ ਕਾਲੋਨੀ ਵਾਸਤੇ ਆਖਰੀ ਕਿਸ਼ਤ ਰਹਿੰਦੀ ਸੀ। ਉਗਰਾਹੀ ਲਈ ਬੜੀ ਕੋਸ਼ਿਸ਼ ਕੀਤੀ, ਕੈਲੇਫੋਰਨੀਆਂ ਤੋਂ ਕੋਈ ਉਗਰਾਹੀ ਨਾ ਹੋਈ। ਆਖਰ ਮਾਝੇ ਦੇ ਸਿੰਘਾਂ ਨੇ ਮੈਨੂੰ 7000 ਡਾਲਰ ਦੇ ਦਿੱਤਾ। ਜਿਸ ਨਾਲ ਮੈਂ ਕਿਸਤ ਤਾਰ ਦਿੱਤੀ। ਮਾਈਨਿੰਗ ਕੰਪਨੀ ਦੇ ਹਿੱਸੇ ਹੀ ਸਨ, ਕੋਈ ਖਾਸ ਆਮਦਨੀ ਨਹੀਂ ਸੀ। ਕਾਲੋਨੀ ਦੀ ਜਗ੍ਹਾਂ ਬੜੇ ਟਿਕਾਣੇ ਸੀ।

ਕੰਪਨੀ ਵਿੱਚ ਮੈਂ ਜਗਤ ਸਿੰਘ ਅੰਮ੍ਰਿਤਸਰ ਵਾਲੇ ਨੂੰ ਸੈਕਟਰੀ ਬਣਾ ਕੇ ਅਖਬਾਰ ਕੱਢਣ ਵਾਸਤੇ ਉਗਰਾਹੀ ਸ਼ੁਰੂ ਕਰ ਦਿੱਤੀ। ਕੈਲੇਫੋਰਨੀਆਂ ਛੱਡਣ ਲਗਿਆਂ ਮੈਂ ਕਸਮ ਖਾ ਲਈ ਕਿ ਮੈਂ ਹੁਣ ਸਾਰਾ ਵਕਤ ਕੌਮ ਵਾਸਤੇ ਕੰਮ ਕਰਾਂਗਾ। ਅਸਾਂ ਪੈਸੇ ਇਕੱਠੇ ਕਰਕ ਵਿਕਟੋਰੀਆ ਪ੍ਰੈਸ ਲਾਇਆ। ਜਗ੍ਹਾ ਮੁਲ ਲਈ। ਮਸ਼ੀਨਾਂ ਇੰਗਲੈਂਡ ਤੋਂ ਮੰਗਵਾਈਆਂ ਤੇ 'ਸੰਸਾਰ' ਨਾਮੀ ਹਫਤੇਵਾਰੀ ਅਖਬਾਰ ਕੱਢਿਆ। ਗੁਰਮੁੱਖੀ ਟਾਈਪ ਵਿੱਚ ਸੀ। 1913 ਵਿੱਚ ਅਖਬਾਰ ਚਾਲੂ ਹੋਇਆ। ਇਹ ਅਖਬਾਰ ਕੋਈ 6-7 ਮਹੀਨੇ ਚਲਿਆ। ਰੁਪਇਆ ਸਭ ਤੋਂ ਇਕੱਠਾ ਕੀਤਾ ਸੀ। ਅਖਬਾਰ ਫਿਰਕਾ ਪ੍ਰਸਤ ਨਹੀਂ ਸੀ, ਅਖਬਾਰ ਦਾ ਐਡੀਟਰ ਕਰਤਾਰ ਸਿੰਘ ਸੀ, ਜੋ ਅੰਮ੍ਰਿਤਸਰ ਦੇ ਜ਼ਿਲ੍ਹੇ ਦਾ ਸੀ। 6 ਮਹੀਨੇ ਤੋਂ ਬਾਅਦ ਭਗਵਾਨ ਸਿੰਘ ਗ੍ਰੰਥੀ ਹਾਂਗਕਾਂਗ ਤੋਂ ਉਥੇ ਚਲਿਆ ਗਿਆ, ਉਹ ਸਖਤ ਮਜ਼ਮੂਨ ਅਖਬਾਰ ਵਿੱਚ ਦੇਣਾ ਚਾਹੁੰਦਾ ਸੀ। ਪਰ ਕਰਤਾਰ ਸਿੰਘ ਮੰਨਿਆ ਨਾ ਤੇ ਆਖਿਆ ਕਿ ਐਨੇ ਸਖਤ ਮਜ਼ਮੂਨਾਂ ਨਾਲ ਅਖਬਾਰ ਸਰਕਾਰ ਵਲੋਂ ਬੰਦ ਕਰ ਦਿੱਤਾ ਜਾਏਗਾ। ਇਸ ਪੁਰ ਝਗੜਾ ਪੈ ਗਿਆ। ਭਗਵਾਨ ਸਿੰਘ ਨੇ ਐਜੀਟੇਸ਼ਨ ਕੀਤੀ ਕਿ ਇਹ ਅਖਬਾਰ ਜੁਦਾ ਨਹੀਂ ਚਾਹੀਦਾ, ਗੁਰਦਵਾਰਾ ਕਮੇਟੀ ਦੇ ਮਾਤਹਿਤ ਚਾਹੀਦਾ ਹੈ। ਇਸ ਨਾਲ ਲੋਕ ਬਹੁਤ ਬਰਖਿਲਾਫ਼ ਹੋ ਗਏ। ਭਗਵਾਨ ਸਿੰਘ ਦੀਆਂ ਬੜੀਆਂ ਮਿਨਤਾਂ ਕੀਤੀਆਂ, ਪਰ ਉਹ ਨਾ

ਮੰਨਿਆ ਹਾਲਾਂ ਕਿ ਅਸਾਂ ਕਿਹਾ ਕਿ ਗੁਰਦੁਵਾਰੇ ਦੇ ਮਾਤਹਿਤ ਹੋਕੇ ਇਹ ਅਖਬਾਰ ਸਿੱਖਾਂ ਦਾ ਹੀ ਅਖਬਾਰ ਹੋ ਜਾਏਗਾ। ਪੈਸਾ ਹਿੰਦੂ-ਮੁਸਲਮਾਨ ਸਿੱਖਾਂ, ਸਾਰਿਆਂ ਦਾ ਸਾਂਝਾ ਹੈ। ਝਗੜਾ ਐਨਾ ਵੱਧਿਆ ਕਿ ਲੋਕਾਂ ਨੇ ਇਥੋਂ ਤੱਕ ਸੋਚਿਆ ਕਿ ਇਹਨਾਂ ਨੂੰ ਸ਼ੂਟ ਹੀ ਕਰ ਦਿਓ। ਉਹ ਸੁੰਦਰ ਸਿੰਘ, ਮੈਨੂੰ ਤੇ ਹੋਰ ਸਾਥੀਆਂ ਨੂੰ ਮਾਰ ਦੇਣਾ ਚਾਹੁੰਦੇ ਸਨ। ਇੱਕ ਦਿਨ ਉਹਨਾਂ ਸਾਡੇ ਦਫ਼ਤਰ ਨੂੰ ਹੀ ਅੱਗ ਲਾ ਦਿੱਤੀ। ਵੇਲੇ ਸਿਰ ਜਾਗਨ ਕਰਕੇ ਅੱਗ ਤਾਂ ਬੁਝਾ ਦਿੱਤੀ। ਅੱਗ ਲੌਣ ਵਾਲਿਆਂ ਮਗਰ ਮੈਂ ਦੌੜਿਆ, ਪਰ ਉਹਨਾਂ ਦਾ ਪਤਾ ਨਾ ਲੱਗਾ। ਅਖਬਾਰ ਉਹਨਾਂ ਚਲਨ ਨਹੀਂ ਦਿੱਤਾ। ਮੈਂ ਹਾਰ ਕੇ ਟਾਰੰਟੋ ਨੂੰ ਚਲਿਆ ਗਿਆ। 1914 ਵਿੱਚ 'ਗ਼ਦਰ' ਅਖ਼ਬਾਰ ਔਣ ਲੱਗ ਪਿਆ ਸੀ ਤੇ ਅਸੀਂ ਪੜ੍ਹਦੇ ਹੁੰਦੇ ਸਾਂ।

ਭਾਈ ਭਗਵਾਨ ਸਿੰਘ ਬਰਹਿਮਣ ਸਿੱਖ ਅੰਮ੍ਰਿਤਸਰ ਦੇ ਜ਼ਿਲ੍ਹੇ ਦਾ ਸੀ। ਆਮ ਹਿੰਦੀਆਂ ਨੂੰ ਕੱਢਨ ਵੇਲੇ ਜੋ ਐਜੀਟੇਸ਼ਨ ਚਲੀ ਉਸ ਵਿੱਚ ਮੈਂ ਹਿੱਸਾ ਨਹੀਂ ਲਿਆ। ਕੌਮਾਗਾਟਾ ਮਾਰੂ ਜਹਾਜ਼ ਨੂੰ ਖੜਿਆ ਛਡਕੇ ਮੈਂ ਟਾਰੰਟੋ ਨੂੰ ਚਲਿਆ ਗਿਆ। ਉਹਨਾਂ ਦੀ ਮਦਦ ਲਈ ਅਸਾਂ ਬਹੁਤ ਕੁੱਝ ਕੀਤਾ। ਰਾਸ਼ਨ ਪੁਚਾਇਆ। ਰੁਪਇਆ ਇਕੱਠਾ ਕੀਤਾ। ਬਾਬਾ ਜਵਾਲਾ ਸਿੰਘ ਜੀ ਉਸ ਵੇਲੇ ਉਥੇ ਨਹੀਂ ਸਨ।

ਰਹੀਮ ਨੂੰ ਸਰਕਾਰ ਨੇ ਪਤਿਆ ਲਿਆ ਤੇ ਉਹ ਜਹਾਜ਼ ਨੂੰ ਵਾਪਸ ਭੇਜਣ ਲਈ ਤਿਆਰ ਹੋ ਪਿਆ। ਜੇ ਉਹ ਅੜਿਆ ਰਹਿੰਦਾ ਤਾਂ ਸਰਕਾਰ ਹਥਿਆਰ ਸੁਟਣ ਨੂੰ ਫਿਰਦੀ ਸੀ, ਜੇ ਕੌਮਾਗਾਟਾ ਮਾਰੂ ਜਹਾਜ਼ ਉਪਰ ਹਮਲਾ ਹੁੰਦਾ ਤਾਂ ਵੈਨਕੂਵਰ ਦੇ ਸਭ ਹਿੰਦੀਆਂ ਨੇ ਹਥਿਆਰ ਲੈ ਲਏ ਸਨ ਤੇ ਉਹ ਮਰਨ ਮਾਰਨ ਤੇ ਵੈਨਕੂਵਰ ਸ਼ਹਿਰ ਨੂੰ ਫੂਕਨ ਲਈ ਤਿਆਰ ਹੋ ਪਏ ਸਨ।

1914 ਵਿੱਚ ਜਰਮਨ ਦੀ ਲੜਾਈ ਸੁਣਕੇ ਮੈਂ ਤੇ ਇੰਦਰ ਸਿਘ ਸੁਰ ਸਿੰਘ, ਜ਼ਿਲ੍ਹਾ ਅੰਮ੍ਰਿਤਸਰ ਸਾਨਫਰਾਂਸਿਸਕੋ ਆ ਗਏ। ਇੱਕ ਜੱਥਾ ਜਾਣ ਲਈ ਤਿਆਰ ਸੀ। ਉਸ ਵਿੱਚ ਅਸੀਂ ਵੀ ਆ ਗਏ। ਸਾਡੇ ਨਾਲ ਜਗਤ ਰਾਮ, ਪ੍ਰਿਥੀ ਸਿੰਘ, ਬਾਬਾ ਕੇਸਰ ਸਿੰਘ ਆਦਿ ਸੀ! ਟਾਰੰਟੋ ਵਿੱਚ ਵੀ 'ਗ਼ਦਰ' ਅਖਬਾਰ ਜਾਂਦਾ ਸੀ। ਮੇਰਾ ਟਿਕਟ ਕਰਮ ਸਿੰਘ ਦੇ ਨਾਂ ਸੀ, ਕਲਕੱਤੇ ਆਕੇ ਮੈਂ ਤੇ ਸਾਧੂ ਸਿੰਘ ਬਾਜ਼ਾਰ ਵਿਚੋਂ ਫੜੇ ਗਏ। ਜਹਾਜ਼ ਵਿਚੋਂ ਅਸੀਂ ਲੰਘ ਗਏ ਸਾਂ। ਬਾਜ਼ਾਰ ਵਿਚੋਂ ਅਸੀਂ ਥਾਣੇਦਾਰ ਨੂੰ ਦੱਸਕੇ ਕਿ ਅਸੀਂ ਤਾਂ ਆਪਣੇ ਘਰਾਂ ਨੂੰ ਚਲੇ ਹਾਂ, ਛੁਟ ਗਏ ਤੇ ਪਿੰਡ ਆ ਗਏ।

ਪਿੰਡ ਆਕੇ ਥੋੜ੍ਹੇ ਜਿਹੇ ਦਿਨ ਰਹੇ। ਪੁਲਿਸ ਨੂੰ ਪਤਾ ਲੱਗ ਗਿਆ ਕਿ ਮੈਂ ਹੀ ਪਿਆਰਾ ਸਿੰਘ ਹਾਂ, ਤੇ ਪੁਲਿਸ ਪਈ। ਮੈਂ ਘਰ ਨਹੀਂ ਸਾਂ, ਫੇਰ ਮੈਂ ਭਗੌੜਾ ਹੋ ਗਿਆ। ਨਵੰਬਰ-ਦਸੰਬਰ ਵਿੱਚ ਪਿੰਡ ਪਹੁੰਚੇ। ਅਮਰ ਸਿੰਘ ਨਵੇਂਸ਼ਹਿਰ ਵਾਲਾ ਜ਼ਿਆਦਾ ਮਿਲਦਾ ਰਿਹਾ, ਜੋ ਵਾਦਾ ਮੁਆਫ਼ ਹੋ ਗਿਆ ਸੀ। ਮੈਂ ਤੇ ਜਵੰਦ ਸਿੰਘ ਨੰਗਲਵਾਲਾ ਪਿੰਡਾਂ ਵਿੱਚ ਫਿਰਕੇ ਖੁਲਾ ਪ੍ਰਚਾਰ ਕਰਦੇ ਰਹੇ। ਰਾਤ ਨੂੰ ਲੋਕਾਂ ਨੂੰ ਘਰਾਂ ਵਿੱਚ ਸਦਕੇ। ਪ੍ਰਚਾਰ ਕਰਨਾ, ਜਾਂ ਕਿਸੇ ਇਕੱਲੇ-ਦੁਕੱਲੇ ਚੰਗੇ ਆਦਮੀ ਨੂੰ ਬੁਲਾਕੇ ਉਸ ਨਾਲ ਗੱਲਾਂ-ਬਾਤਾਂ ਕਰਨੀਆਂ। ਅਸੀਂ ਇੱਕ ਦਿਨ ਤੋਂ ਵੱਧ ਕਿਸੇ ਥਾਂ ਵੀ ਨਹੀਂ ਰਹਿੰਦੇ ਸਾਂ। ਫੇਰ ਇੱਕ ਦਿਨ ਅਮਰ ਸਿੰਘ ਨੇ ਕਿਹਾ ਕਿ ਜੇ ਤੁਹਾਡਾ ਕੋਈ ਭਾਈਬੰਦ ਹੈ ਤਾਂ ਫੌਜਾਂ ਵਿੱਚ ਪ੍ਰਚਾਰ ਕਰਨਾ ਚਾਹੀਦਾ ਹੈ। ਫੇਰ ਮੈਂ ਕੋਹਾਟ ਨੂੰ ਗਿਆ ਤੇ ਉਥੇ ਦੋ ਪਲਟਨਾਂ ਤੇ ਇੱਕ ਰਸਾਲੇ ਵਿੱਚ ਪ੍ਰਚਾਰ ਕਰਨਾ ਸ਼ੁਰੂ ਕੀਤਾ। ਉਥੇ ਮਾਹਲਪੁਰ ਦੇ ਤੇ ਹੋਰ ਕਈ ਵਾਕਫ਼ ਨੌਕਰ ਸਨ। ਪ੍ਰਚਾਰ ਚੰਗਾ ਸੁਣਦੇ ਰਹੇ। ਦੋ ਹਫ਼ਤੇ ਬਾਅਦ ਮੇਰਾ ਪਤਾ ਲੱਗਾ, ਫੇਰ ਮੈਂ ਛਡ ਆਇਆ। ਸਭ ਸਿਖ ਪਲਟਨਾਂ ਨੇ ਯਕੀਨ ਦਵਾਇਆ ਕਿ ਜਦੋਂ ਵੀ ਤੁਸਾਂ ਕੋਈ ਕੰਮ ਸ਼ੁਰੂ ਕੀਤਾ, ਅਸੀਂ ਤੁਹਾਡੇ ਨਾਲ ਹੋਵਾਂਗੇ, ਇੰਦਰ ਸਿੰਘ ਸੁਰ ਸਿੰਘ ਦੇ ਪਾਸ ਮੈਂ ਕਈ ਵੇਰਾਂ ਜਾਕੇ ਰਿਹਾ, ਉਹ ਪਿੰਡ ਹੀ ਰਹਿੰਦਾ ਸੀ। ਸਾਧੂ ਸਿੰਘ ਵੀ ਪਿੰਡ ਹੀ ਰਹਿੰਦਾ ਸੀ। ਫੇਰ ਮੈਂ ਏਧਰ ਆ ਗਿਆ।

ਮੈਂ 13 ਅਪ੍ਰੈਲ, 1915 ਨੂੰ ਗ੍ਰਿਫਤਾਰ ਹੋਇਆ। ਇੱਕ ਦਿਨ ਪਹਿਲਾਂ ਮੈਂ ਬਿਝੋ, ਤੁਲਸਾ ਸਿੰਘ ਸੰਤ ਪਾਸ ਆਇਆ। ਸ਼ਾਮ ਨੂੰ ਉਸ ਪਾਸ ਆਇਆ ਤੇ ਸ਼ਾਮ ਦੇ ਸੱਤ ਵਜੇ ਮੈਂ ਪਿੰਡ ਆਇਆ। ਇਥੇ ਰਾਤ ਰਹਿਕੇ ਘਰੋਂ ਕੁੱਝ ਰੁਪੈ ਖਰਚ ਲੈ ਕੇ ਦਿਨ ਚੜਦੇ ਨੂੰ ਦੇਰ ਬਿੰਝੋ ਚਲਿਆ ਗਿਆ। ਸਾਧ ਨੇ ਨੰਗਲਵਾਲੇ ਜੈਲਦਾਰ ਚੰਦਾ ਸਿੰਘ ਨੂੰ ਪਤਾ ਦੇ ਦਿੱਤਾ, ਮੈਂ ਜਦ ਕੁਟੀਆ ਵਿਚ ਲੰਮਾ ਪਿਆ ਸੀ, ਤਾਂ ਜ਼ੈਲਦਾਰ ਆਇਆ ਤੇ ਮੈਨੂੰ ਵੇਖ ਗਿਆ। ਉਹ ਕੋਈ ਅੱਠ ਕੁ ਵਜੇ ਸਵੇਰੇ ਆਇਆ ਤੇ ਫੇਰ ਦੋ ਕੁ ਵਜੇ ਪੁਲਿਸ ਚੜ੍ਹਾ ਲਿਆਇਆ। ਤਿੰਨ ਸਿਪਾਹੀ, ਚੰਦਾ ਸਿੰਘ ਤੇ ਪਿੰਡ ਦੇ ਪੰਜ-ਸੱਤ ਰਪਟੀਏ ਤੇ ਕੁੱਝ ਕੁ ਨੰਬਰਦਾਰ ਨਾਲ ਸਨ। ਜਦੋਂ ਪੁਲਿਸ ਆਈ, ਮੈਂ ਝੁਗੀ ਅੰਦਰ ਪਿਆ ਸੀ। ਸਾਧ ਮੇਰੇ ਕੋਲ ਆ ਕੇ ਕਹਿਣ ਲੱਗਾ ਕਿ ਤੁਸੀਂ ਸਰਦਾਈ ਘੋਟਣ ਦੀ ਤਿਆਰੀ ਕਰੋ। ਉਸ ਨੇ ਮੈਨੂੰ ਸਾਮਗਰੀ ਦੇ ਦਿੱਤੀ ਤੇ ਆਪ ਕਿਤੇ ਪੁਲਿਸ ਵੱਲ ਨੂੰ ਚਲਿਆ ਗਿਆ। ਮੈਂ ਸਰਦਾਈ ਘੋਟਦਾ ਸਾਂ ਕਿ ਇੱਕ ਦਮ ਪੰਜ-ਸੱਤ ਬਲਮਾਂ ਝੁਗੀ ਦੇ ਬੂਹੇ ਵਿਚੋਂ ਦੀ ਮੇਰੇ ਵੱਲ ਸਿਧੀਆਂ ਹੋ ਗਈਆਂ ਮੈਂ ਤਾੜਿਆ ਤੇ ਉਠਿਆ। ਮੈਂ ਸਾਧਾਂ ਵਾਂਗ ਗਿਲਤੀ ਬਧੀ ਹੋਈ ਸੀ। ਮੈਂ ਆਪਣਾ ਟਕੂਆ ਚੁਕਿਆ ਤੇ ਜਦੋਂ ਗਜਕੇ ਬਾਹਰ ਨਿਕਲਿਆ ਤਾਂ ਬਲਮਾਂ ਵਾਲੇ ਚੌਕੀਦਾਰ ਕੁੱਝ ਐਧਰ ਤੇ ਕੁੱਝ ਓਧਰ ਡਰਕੇ ਡਿਗ ਪਏ ਤੇ ਮੈਂ ਭੱਜ ਦੌੜਿਆ। ਉਹ ਘੋੜੀਆਂ ਤੇ ਚੜ੍ਹੇ ਖਲਤੇ ਸਨ। ਮੈਨੂੰ ਭਜਦਿਆਂ ਵੇਖਕੇ ਉਹ ਘੋੜੇ ਭਜਾਕੇ ਹੋਰ ਪਰੇ ਚਲੇ ਗਏ। ਮੈਂ ਨਿਕਲਕੇ ਸਕਰੁਲੀ ਵੱਲ ਨੂੰ ਦੌੜਿਆ ਤੇ ਉਹ ਮੇਰੇ ਮਗਰ-ਮਗਰ ਰੌਲਾ ਪਾਂਦੇ ਆ ਰਹੇ ਸਨ। ਪਰ ਮੇਰੇ ਲਾਗੇ ਕੋਈ ਨਹੀਂ ਸੀ ਔਂਦਾ। ਅਗੋਂ ਕਣਕਾਂ ਛੋਲੇ ਵਢਕੇ ਲੋਕ ਮੈਨੂੰ ਪੈਂਦੇ ਪਰ ਮੈਨੂੰ ਹੱਥ ਕੋਈ ਨਹੀਂ ਸੀ ਲੌਂਦਾ। ਅਖੀਰ ਮੈਂ ਭੱਜਦਾ-ਭੱਜਦਾ ਚਾਕਸੂ ਆ ਗਿਆ। ਪੁਲਿਸ ਤੇ ਨੰਬਰਦਾਰ ਮੈਨੂੰ ਵੰਗਾਰਦੇ ਕਿ ਵੱਡਾ ਸੂਰਮਾ ਬਣਿਆ ਫਿਰਦਾ ਹੈ, ਡਰਦਾ ਭਜਾ ਜਾਨਾ ਏਂ। ਇਹ ਕੋਈ ਸੂਰਮੇ ਦਾ ਕੰਮ ਨਹੀਂ ਸੀ। ਮੈਂ ਖਲੋ ਗਿਆ ਤੇ ਉਹਨਾਂ ਨੂੰ ਅਗਾਂਹ ਔਣ ਲਈ ਵੰਗਾਰਿਆ। ਥਾਨੇਦਾਰ ਆਇਆ ਤੇ ਉਸ ਨੇ ਮੈਨੂੰ ਦੂਰੋਂ ਛਡ਼ ਮਾਰਿਆ। ਛੜ ਦਾ ਵਾਰ ਖਾਲੀ ਗਿਆ ਤੇ ਮੈਂ ਥਾਨੇਦਾਰ ਨੂੰ ਕੁਹਾੜੀ ਮਾਰੀ ਜੋ ਉਸ ਦੇ ਪਟ ਪੁਰ ਲੱਗੀ, ਤੇ ਉਹ ਘੋੜਿਓਂ ਥੱਕੇ ਆ ਪਿਆ ਤੇ ਹੱਥ ਜੋੜਕੇ ਡਡਿਆ ਉਠਿਆ ਕਿ ਬਹੁੜੀ ਰੱਬ ਦੀ ਮੈਨੂੰ ਨਾ ਮਾਰੀਂ। ਮੈਂ ਮਰ ਜਾਵਾਂਗਾ। ਮੈਂ ਉਸ ਦੇ ਉਪਰ ਖੜਾ ਸਾਂ। ਮੇਰਾ ਪਿਛਾ ਕਰਨ ਵਾਲੇ ਪਿਛਾਂ ਖੜ੍ਹੇ ਸਨ। ਕਿਸੇ ਦੀ ਹਿੰਮਤ ਅੱਗਾਹ ਔਣ ਦੀ ਨਹੀਂ ਸੀ। ਮੇਰਾ ਨਾਂ ਤਾਂ ਥਾਣੇਦਾਰ ਨੂੰ ਮਾਰ ਹੀ ਦੇਣ ਤੇ ਜੀ ਕੀਤਾ ਤੇ ਨਾ ਹੀ ਪਿਸਤੌਲ ਖੋਹਣ ਤੇ। ਉਸ ਦੇ ਘੋੜੇ ਉਤੇ ਚੜ੍ਹਕੇ ਦੜਨ ਦੀ ਸੁਝੀ। ਫੇਰ ਪੈਦਲ ਹੀ ਆਪਣੇ ਪਿੰਡ ਨੂੰ ਦੌੜ ਪਿਆ। ਸਕਰੁਲੀ ਆਕੇ ਪਤਾ ਲੱਗਾ ਕਿ ਜੇ ਮੈਂ ਪਿੰਡ ਗਿਆ ਤਾਂ ਪੁਲਿਸ ਪਿੰਡ ਨੂੰ ਤੰਗ ਕਰੇਗੀ। ਫੇਰ ਮੈਂ ਸਕਰੁਲੀ ਤੋਂ ਸੈਲੇਵਾਲ ਨੂੰ ਹੋਰ ਦੌੜਿਆ ਤਾਂ ਜੋ ਜੰਗਲ ਵਿੱਚ ਦੀ ਪੈਕੇ ਪਹਾੜ ਜਾ ਚੜ੍ਹਾਂ। ਪਰ ਸੈਲੇ ਪਾਸੇ ਨਰਿਆਲੇ ਪਿੰਡ ਦੇ ਲੋਕਾਂ ਨੇ ਮੈਨੂੰ ਅੱਗੋ ਘੇਰ ਲਿਆ ਉਥੇ ਮੈਂ ਥਾਣੇਦਾਰ ਨੂੰ ਮਾਰਿਆ। ਪਹਿਲੇ ਥਾਂ ਨਹੀਂ। ਲੋਕਾਂ ਘੇਰਾ ਪਾ ਲਿਆ । ਇੱਕ ਟਕਵੇ ਦਾ ਵਾਰ ਇੱਕ ਸੋਟੇ ਉਪਰ ਲਗਕੇ ਦਸਤਾ ਟੁਟ ਗਿਆ ਤੇ ਲੋਕਾਂ ਨੇ ਮੈਨੂੰ ਢਾਹ ਲਿਆ। ਮੈਨੂੰ ਫੇਰ ਪੁਲਿਸ ਨੇ ਬੜਾ ਕੁਟਿਆ ਤੇ ਕੁਟਵਾਇਆ। ਮੇਰੀ ਸੁਕੜਜ ਦੀ ਹੱਡੀ ਟੁੱਟ ਗਈ। ਮੈਨੂੰ ਡੋਲੀ ਵਿੱਚ ਪਾਕੇ ਮਾਹਲਪੁਰ ਥਾਣੇ ਲੈ ਆਏ। ਏਥੋਂ ਬਾਰਾਂ ਦਿਨਾਂ ਬਾਅਦ ਮੈਨੂੰ ਲਾਹੌਰ ਲੈ ਗਏ। ਲਾਹੌਰ ਤੱਕ ਜ਼ਖਮੀ ਹੀ ਗਏ। ਥਾਨੇਦਾਰ ਨੇ ਮੈਨੂੰ ਬਹੁਤ ਪੁਛਿਆ। ਇੱਕ ਮੈਜਿਸਟ੍ਰੇਟ ਤੇ ਡਿਪਟੀ ਕਮਿਸ਼ਨਰ ਵੀ ਆਇਆ ਉਹਨਾਂ ਮੈਨੂੰ ਪਤਿਆਇਆ ਤੇ ਪੁਛਿਆ। ਥਾਨੇਦਾਰ ਲੇ ਕਿਹਾ ਕਿ ਤੂੰ ਮੈਨੂੰ ਜਾਨੋ ਮਾਰ ਸਕਦਾ ਸੈਂ, ਪਰ ਤੂੰ ਜਾਣ ਕੇ ਨਹੀਂ ਮਾਰਿਆ, ਮੈਂ ਤੇਰਾ ਅਹਿਸਾਨਮੰਦ ਰਹਾਂਗਾ। ਉਸ ਨੇ ਮੁਕਦਮੇ ਵਿੱਚ ਵੀ ਉਗਾਹੀ ਮੇਰੇ ਹਕ ਵਿੱਚ ਦਿੱਤੀ, ਜਿਸ ਤੋਂ ਉਹ ਬਲੈਕ ਲਿਸਟ ਵਿਚ ਹੋ ਗਿਆ। ਥਾਨੇਦਾਰ ਦਾ ਨਾਂ ਤਮੀਜ਼ ਅਹਿਮਦ ਸੀ ਤੇ ਉਹ ਯੂ.ਪੀ. ਦਾ ਸੀ।

**ਰਾਵਲਪਿਡੀ ਜੇਲ੍ਹ**

ਪਹਿਲੇ ਸਾਜ਼ਿਸ ਕੇਸ ਵਿੱਚ ਉਮਰ ਕੈਦ ਤੇ ਜਾਇਦਾਦ ਜ਼ਬਤ ਦੀ ਸਜ਼ਾ ਹੋਈ। ਰਾਵਲਪਿੰਡੀ ਜੇਲ੍ਹ ਵਿੱਚ ਮੈਂ, ਬਾਬਾ ਜਵਾਲਾ ਸਿੰਘ, ਰੋਡਾ ਸਿੰਘ ਫ਼ਿਰੋਜ਼ਪੁਰ ਜ਼ਿਲ੍ਹੇ ਦਾ, ਇੰਦਰ ਸਿੰਘ ਸੀ। ਜੇਲ੍ਹ ਵਾਲੇ ਸਾਨੂੰ ਬਹੁਤ ਤੰਗ

ਕਰਨ ਲੱਗੇ। ਸੁਪਰਡੰਟ ਗੋਰਾ ਸੀ, ਤੇ ਉਹ ਬਹੁਤ ਤੰਗ ਕਰਦਾ ਸੀ। ਸਾਨੂੰ ਸਜ਼ਾ ਤੇ ਸਜ਼ਾ ਦਿੰਦਾ ਸੀ। ਬਿਲਾਵਜਾ ਬੇੜੀ, ਡੰਡਾ ਬੇੜੀ, ਖੜੀ ਹੱਥਕੜੀ ਤੇ ਟਾਟ ਵਰਦੀ ਤੇ ਕਮ ਖ਼ੁਰਾਕ ਦੀਆਂ ਸਜ਼ਾਵਾਂ ਸੁਣਾ ਦਿੱਤੀਆਂ। ਅਸੀਂ ਤੰਗ ਆ ਗਏ। ਆਖਰ ਬਾਬਾ ਜਵਾਲਾ ਸਿੰਘ ਨੇ ਕਿਹਾ ਕਿ ਇਸ ਤਰ੍ਹਾਂ ਤਾਂ ਇਹ ਸਾਨੂੰ ਖਤਮ ਕਰ ਦੇਣਗੇ। ਇਸ ਦਾ ਕੋਈ ਉਪਾਅ ਕਰਨਾ ਚਾਹੀਦਾ ਹੈ। ਬਾਬੇ ਨੇ ਮੈਨੂੰ ਬਾਹਰੋਂ ਰੁਪਏ ਮੰਗਵਾਉਣ ਲਈ ਆਖਿਆ। ਮੈਂ ਖਤ ਪਾ ਕੇ ਆਪਣੇ ਭਰਾ ਪਾਸੋਂ ਤੀਹ ਰਪਏ ਮੰਗਵਾਏ ਤੇ ਤੀਹ ਰੁਪਏ ਸਭਰਾਵਾਂ ਦੇ ਆਪਣੇ ਦੋਸਤ ਸ਼ੇਰ ਸਿੰਘ ਪਾਸੋਂ ਮੰਗਵਾਏ। ਬਾਬਾ ਜਵਾਲਾ ਸਿੰਘ ਨੇ ਉਹਨਾਂ ਰੁਪਿਆਂ ਨਾਲ ਇੱਕ ਵਾਰਡਰ ਨੂੰ ਆਪਣੇ ਨਾਲ ਗੰਢਿਆ ਤੇ ਬੰਬ ਬਨਾਉਣ ਦਾ ਮਸਾਲਾ ਅੰਦਰ ਮੰਗਵਾ ਲਿਆ ਤੇ ਜੇਲ੍ਹ ਦੇ ਬਦਮਾਸ਼ਾਂ ਨਾਲ ਸਲਾਹ ਪਕਾਈ ਕਿ 8 ਦਸੰਬਰ ਨੂੰ ਅਸੀਂ ਬੰਬਾਂ ਨਾਲ ਆਏ ਸੁਪਰਡੰਟ ਤੇ ਉਸ ਦੇ ਸਟਾਫ ਨੂੰ ਉਡਾ ਦਿਆਂਗੇ ਤੇ ਤੁਸੀਂ ਜੇਲ. ਦੇ ਦਰਵਾਜ਼ੇ ਪੁਰ ਹਮਲਾ ਕਰ ਕੇ ਜੇਲ੍ਹ ਤੋੜ ਦਿਓ ਤੇ ਬਾਹਰ ਨਿਕਲ ਜਾਇਓ। ਜੇਲ੍ਹ ਦੇ ਇੱਕ ਬਦਮਾਸ਼ ਪਠਾਨ ਨੇ ਆਪਣੇ ਮੁੰਡੇ ਨੂੰ ਇਹ ਗੱਲ ਦੱਸ ਦਿੱਤੀ ਤੇ 8 ਦਸੰਬਰ ਨੂੰ ਅਸਾਂ ਨਿਕਲ ਜਾਣਾ ਹੈ ਤੇ ਉਸ ਲੌਂਡੇ ਨੇ ਦਰੋਗੇ ਨਾਲ ਗੱਲ ਕਰ ਦਿੱਤੀ। ਉਹਨਾਂ ਨੇ ਇੱਕ ਦਮ ਸਾਡੀਆਂ ਤਲਾਸ਼ੀਆਂ ਲਈਆਂ ਤੇ ਮਸਾਲਾ ਫੜ ਲਿਆ। ਅਸਾਂ ਇਹੋ ਕਿਹਾ ਕਿ ਮਸਾਲਾ ਤੁਸਾਂ ਜੇਲ੍ਹ ਵਾਲਿਆਂ ਨੇ ਹੀ ਸਾਨੂੰ ਦਿੱਤਾ ਹੈ। ਸੀ.ਆਈ.ਡੀ. ਦਾ ਸਟਾਫ ਆ ਗਿਆ। ਸਾਨੂੰ ਇਕੱਲੇ-ਇਕੱਲੇ ਨੂੰ ਸਦ ਕੇ ਪੁਛਦੇ ਰਹੇ। ਪਰ ਕਿਸੇ ਨੇ ਪਤਾ ਨਹੀਂ ਦੱਸਿਆ। ਸਾਨੂੰ ਕੋਠੜੀਆਂ ਵਿਚੋਂ ਕੱਢ ਕੇ ਬਾਰਕ ਵਿੱਚ ਲੈ ਗਏ, ਰਾਤ ਨੂੰ ਸਾਨੂੰ ਜੰਗਲੇ ਨਾਲ ਬੰਨ ਦਿਆ ਕਰਦੇ ਸਨ। ਫੇਰ ਛੇ-ਸਤ ਦਿਨ ਰੱਖ ਕੇ ਸਾਨੂੰ ਕਾਲੇ ਪਾਣੀ ਭੇਜ ਦਿੱਤਾ।

## ਰਿਹਾਈ

ਐਮਨਿਸਟੀ ਵਿੱਚ ਮੈਂ 1920 ਵਿਖੇ ਰਿਹਾਅ ਹੋਇਆ। ਆਉਂਦਿਆਂ ਨੂੰ ਅਕਾਲੀ ਲਹਿਰ ਚਾਲੂ ਸੀ। ਆਉਂਦਿਆਂ ਹੀ ਸਿਖ ਲੀਗ ਤੇ ਸ਼੍ਰੋਮਣੀ ਕਮੇਟੀ ਦਾ ਮੈਂਬਰ ਬਣ ਗਿਆ। ਮਿਤ ਸਿੰਘ ਤੇ ਮੈਂ ਮੈਂਬਰ ਨਾਮਜ਼ਦ ਕਰ ਲਏ ਗਏ। ਐਗਜ਼ੈਕਟਿਵ ਦੇ ਵੀ ਅਸੀਂ ਮੈਂਬਰ ਲਏ ਗਏ। ਕਿਲ੍ਹੇ ਵਾਲੇ ਮੁਕਦਮੇ ਵਿੱਚ ਫੜੇ ਰਹੇ, ਜੋ ਢਾਈ ਤਿੰਨ ਸਾਲ ਚਲਦਾ ਰਿਹਾ। ਦਿਓਲੀ ਵੀ ਰਹੇ। ਨਜ਼ਰਬੰਦੀ ਕਟੀ। 7.11.55.

---